# ਦਫਤਰ ਜਿਲ੍ਹਾ ਸਿੱਖਿਆ ਅਫਸਰ( ਐਂ ਸਿ.) ਬਠਿੰਡਾ।

ਵੱਲ

ਸਮੂਹ ਬੀ.ਪੀ.ਈ.ਓਜ

ਜਿਲ੍ਹਾ ਬਠਿੰਡਾ।

ਪੱਤਰ ਨੰ ਸਸਅ/ਆਈ.ਈ.ਡੀ./2025 26/2260 ਮਿਤੀ: 14.08.2025

**ਵਿਸ਼ਾ:- ਵਿਸ਼ੇਸ਼ ਲੋੜਾਂ ਵਾਲੇ ਦਿਵਿਯਾਂਗ ਬੱਚਿਆਂ ਦੇ ਅਲੀਮਕੋ ਮੈਡੀਕਲ ਅਸੈਸਮੈਂਟ ਕੈਂਪ ਸਬੰਧੀ।**

**ਹਵਾਲਾ ਪੱਤਰ ਨੰ. ਆਈ.ਈ.ਡੀ./ਸਸਅ/2025/134479/235242 ਮਿਤੀ: 13-08-2025**

ਉਪਰੋਕਤ ਵਿਸ਼ੇ ਸਬੰਧੀ ਸਟੇਟ ਤੋਂ ਪ੍ਰਾਪਤ ਹਦਾਇਤਾਂ ਅਨੁਸਾਰ ਜਿਲ੍ਹੇ ਵਿੱਚ ਬਲਾਕ ਪੱਧਰੀ ਵਿਸ਼ੇਸ਼ ਲੋੜਾਂ ਵਾਲੇ ਦਿਵਿਯਾਂਗ ਬੱਚਿਆਂ ਲਈ ਮੈਡੀਕਲ ਅਸੈਸਮੈਂਟ ਕੈਂਪ ਹੇਠ ਲਿਖੀਆ ਮਿਤੀਆਂ ਨੂੰ ਲਗਾਏ ਜਾ ਰਹੇ ਹਨ। ਜਿਨ੍ਹਾਂ ਵਿੱਚ ਬੱਚਿਆਂ ਨੂੰ ਲੋੜ ਅਨੁਸਾਰ ਵੀਲ ਚੇਅਰ, ਕੈਲੀਪਰ, ਟ੍ਰਾਈ ਸਾਇਕਲ , ਬਰੇਲ ਕਿੱਟ ,ਬੈਸਾਖੀਆਂ ਅਤੇ ਹੋਰ ਲੋੜੀਦਾਂ ਸਮਾਨ ਅਸੁਸਮੈਂਟ ਤੋਂ ਬਾਅਦ ਅਗਾਮੀ ਕੈਂਪਾਂ ਵਿੱਚ ਦਿੱਤਾ ਜਾਵੇਗਾ।

| ਲੜੀ ਨੰ. | ਕੈਂਪ ਦੀ ਮਿਤੀ | ਕਵਰ ਕੀਤੇ ਜਾਣ ਵਾਲੇ ਬਲਾਕਾਂ ਦੇ ਨਾਂ | ਕੈਂਪ ਲੱਗਣ ਵਾਲੇ ਸਥਾਨ ਦਾ ਨਾਂ | ਸਮਾਂ |
|---|---|---|---|---|
| 1 | 18.08.2025 | ਬਠਿੰਡਾ, ਸੰਗਤ,ਗੋਨਿਆਣਾ | ਡੀ.ਐਸ.ਆਰ.ਸੀ.,ਬੀ.ਪੀ.ਈ.ਓ ਦਫਤਰ ਬਠਿੰਡਾ | 10:00 ਤੋਂ 4:00 ਵਜੇ ਤੱਕ |
| 2 | 19.08.2025 | ਭਗਤਾ, ਰਾਮਪੁਰਾ | ਸਪਸ/ਬੀ.ਪੀ.ਈ.ਓ ਦਫਤਰ ਰਾਮਪੁਰਾ ਪਿੰਡ | 10:00 ਤੋਂ 4:00 ਵਜੇ ਤੱਕ |
| 3 | 20.08.2025 | ਤਲਵੰਡੀ ਸਾਬੋ,ਮੌੜ | ਸਪਸ/ਬੀ.ਪੀ.ਈ.ਓ ਦਫਤਰ ਤਲਵੰਡੀ ਸਾਬੋ | 10:00 ਤੋਂ 4:00 ਵਜੇ ਤੱਕ |

ਇਹਨਾਂ ਕੈਂਪਾ ਲਈ ਹੇਠ ਲਿਖੇ ਅਨੁਸਾਰ ਕੈਂਪ ਲੱਗਣ ਵਾਲੇ ਬਲਾਕ ਵੱਲੋ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ-

1. ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਅਤੇ ਉਹਨਾਂ ਦੇ ਗਾਰਡੀਅਨ/ ਮਾਤਾ-ਪਿਤਾ ਲਈ 50/- ਰੁਪਏ ਪ੍ਰਤੀ ਵਿਅਕਤੀ ( ਸਿਰਫ 2 ਵਿਅਕਤੀਆ ਲਈ ਕੁੱਲ 100 ਰੁਪਏ) ਖਰਚ ਕੀਤੇ ਜਾਣ।
2. ਐਸ.ਐਸ. ਏ. ਸਟਾਫ ਲਈ 50/- ਰੁਪਏ ਪ੍ਰਤੀ ਵਿਅਕਤੀ ਅਤੇ ਅਲੀਮਕੋ ਟੀਮ/ ਮੈਡੀਕਲ ਟੀਮ/ਰਿਹੈਬੀਟੇਸ਼ਨ ਟੀਮ ਲਈ 150/- ਰੁਪਏ ਪ੍ਰਤੀ ਵਿਅਕਤੀ ਲੰਚ ਅਤੇ ਰਿਫਰੈਸ਼ਮੈਂਟ ਲਈ ਖਰਚ ਕੀਤੇ ਜਾਣ । ਇਹ ਖਰਚਾ ਸਮੂਹ ਬਲਾਕਾਂ ਲਈ ਬਲਾਕ ਬਠਿੰਡਾ , ਰਾਮਪੁਰਾ ਅਤੇ ਤਲਵੰਡੀ ਸਾਬੋ ਵੱਲੋਂ ਕੀਤਾ ਜਾਵੇ।

3. ਅਲੀਮਕੋ ਤੋਂ ਆਉਣ ਵਾਲੀ ਟੀਮ ਦੇ ਰਹਿਣ ਖਾਣੇ ( ਬਰੇਕ ਫਾਸਟ, ਡਿਨਰ) ਦਾ ਪ੍ਰਬੰਧ ਬਲਾਕ ਬਠਿੰਡਾ ਵੱਲੋਂ ਉਕਤ ਮਿਤੀਆਂ ਅਨੁਸਾਰ ਇੱਕ ਦਿਨ ਪਹਿਲਾਂ ਅਤੇ ਬਾਅਦ ਤੱਕ ਕਿਸੇ ਵਧੀਆ ਹੋਟਲ/ ਗੈਸਟ ਹਾਊਸ ਵਿੱਚ ਕੀਤਾ ਜਾਵੇ । ਇਹਨਾਂ ਮਿਤੀਆਂ ਅਨੁਸਾਰ ਹੀ ਦੂਜੇ ਬਲਾਕਾਂ ਵਿੱਚ ਟੀਮ ਦੇ ਜਾਣ ਲਈ ਇੱਕ ਵੱਡੀ ਟੈਕਸੀ ਦਾ ਪ੍ਰਬੰਧ ਵੀ ਕੀਤਾ ਜਾਵੇ ਅਤੇ ਕੈਂਪ ਖਤਮ ਹੋਣ ਉਪਰੰਤ ਉਕਤ ਟੈਕਸੀ ਦੂਜੇ ਜਿਲ੍ਹੇ ਵਿੱਚ ਟੀਮ ਨੂੰ ਛੱਡ ਕੇ ਆਵੇ।

4. ਕੈਂਪਾਂ ਨੂੰ ਸਫਲ ਬਣਾਉਣ ਲਈ ਲੋੜ ਅਨੁਸਾਰ ਟੈਂਟ /ਕੁਰਸੀਆਂ/ ਮੇਜ/ਦਰੀਆਂ/ ਪੱਖੇ/ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਕੈਂਪ ਲਗਾਏ ਜਾਣ ਵਾਲੇ ਬਲਾਕ ਵੱਲੋਂ ਕੀਤਾ ਜਾਵੇ( ਬਠਿੰਡਾ, ਰਾਮਪੁਰਾ, ਤਲਵੰਡੀ ਸਾਬੋ)

5. ਇਹਨਾਂ ਕੈਂਪਾ ਦੌਰਾਨ ਸਬੰਧਤ ਬਲਾਕ ਦੇ ਸਮੂਹ ਸਕੂਲ ਮੁੱਖੀ / ਆਈ.ਈ.ਆਰ.ਟੀਜ਼/ ਆਈ.ਈ.ਏ.ਟੀਜ਼ ਆਪਣੀ ਡਿਊਟੀ ਨਿਭਾਉਣਗੇ ਅਤੇ ਲਾਭਪਾਤਰੀਆਂ ਨੂੰ ਕੈਂਪ ਤੱਕ ਲਿਆਉਣ ਵਿੱਚ ਮਦਦ ਕਰਨਗੇ।

6. ਕੈਂਪ ਲਗਾਏ ਜਾਣ ਵਾਲੇ ਬਲਾਕ ਵੱਲੋਂ ਬਲਾਕ ਵੱਲੋਂ ਹੀ ਸਾਰੇ ਬਲਾਕਾਂ ਲਈ ਇੱਕ ਰਜਿਸ਼ਟਰੇਸ਼ਨ ਕਾਊਂਟਰ ਬਣਾਇਆ ਜਾਵੇ ਅਤੇ ਪਹਿਲ ਦੇ ਅਧਾਰ ਤੇ ਪਹਿਲਾਂ ਆਉਣ ਵਾਲੇ ਬੱਚਿਆ ਅਤੇ ਮਾਪਿਆ ਨੂੰ ਸੀਰੀਅਲ ਨੰਬਰ ਦਿੱਤਾ ਜਾਵੇ। ਇਸ ਲਈ 3 ਸੀਨੀਅਰ ਆਈ.ਈ.ਆਰ.ਟੀਜ਼ ਦੀ ਡਿਊਟੀ ਲਗਾਈ ਜਾਵੇ। ਮਾਪਿਆਂ ਨੂੰ ਸੂਚਨਾਂ ਦਿੱਤੀ ਜਾਵੇ ਕਿ ਕੈਂਪ ਵਿੱਚ ਬੱਚੇ ਦੀ 3 ਫੋਟੋ, UDID/ਡਿਸਐਬਿਲਟੀ ਸਰਟੀਫਿਕੇਟ , ਰਿਹਾਇਸ਼ ਦਾ ਸਬੂਤ ਅਧਾਰ ਕਾਰਡ, ਇਨਕਮ ਦਾ ਸਰਟੀਫਿਕੇਟ ਸਕੂਲ ਮੁੱਖੀ ਜਾਂ ਕਿਸੇ ਹੋਰ authorized person ਵੱਲੋਂ ਜਾਰੀ ਕੀਤਾ ਹੋਇਆ ਦੀ ਅਸਲ ਅਤੇ ਫੋਟੋ ਕਾਪੀ ਨਾਲ ਲੈ ਕੇ ਆਉਣ।

7. ਇਹਨਾਂ ਕੈਂਪਾਂ ਵਿੱਚ ਜਮਾਤ ਪ੍ਰੀ-ਪ੍ਰਾਇਮਰੀ ਤੋਂ ਬਾਰਵੀਂ ਜਮਾਤ ਤੱਕ ਦੇ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ , ਹੋਮ ਬੇਸਡ ਐਜੂਕੇਸ਼ਨ ਵਿੱਚ ਪੜ੍ਹਦੇ ਬੱਚਿਆਂ ਨੂੰ ਕਵਰ ਕੀਤਾ ਜਾਵੇ ਜਿਹਨਾਂ ਕੋਲ UDID/ਡਿਸਐਬਿਲਟੀ ਸਰਟੀਫਿਕੇਟ ਬਣਿਆ ਹੋਵੇ । ਕੈਂਪ ਵਿੱਚ **OI, CP,BLIND,MR**, ਅਤੇ **MD** ਕੈਟਾਗਰੀ ਦੇ ਕੇਵਲ ਉਹ ਬੱਚੇ ਹੀ ਬੁਲਾਏ ਜਾਣ ਜਿਹਨਾਂ ਨੂੰ ਅਲੀਮਕੋ ਵੱਲੋ ਕੋਈ ਉਕਰਣ ਪ੍ਰਾਪਤ ਹੋ ਸਕਦੇ ਹਨ। ਇਹਨਾਂ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਕੈਂਪ ਵਿੱਚ ਆਪਣੀ ਸਕੂਲ ਆਈ.ਡੀ. ਕਾਰਡ / ਸਕੂਲ ਦੀ ਲੈਟਰ ਪੈਡ ਤੇ ਦਾਖਲੇ ਦੀ ਤਸਦੀਕ ਕਾਪੀ ਨਾਲ ਲੈ ਕੇ ਆਉਣ।

8. ਉਕਤ ਕੈਂਪਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹ ਸਕੂਲ ਮੁੱਖੀਆਂ, ਆਂਗਨਵਾੜੀ ਵਰਕਰਾਂ ਨੂੰ ਇਸ ਦੀ ਸੂਚਨਾਂ ਦਿੱਤੀ ਜਾਵੇ ਅਤੇ ਮੀਡੀਆ ਰਾਹੀ ਵੀ ਸੂਚਨਾਂ ਆਮ ਲੋਕਾਂ ਤੱਕ ਪਹੁੰਚਾਈ ਜਾਵੇ। ਕੈਂਪਾਂ ਵਿੱਚ ਸਿਰਫ ਲੋੜਵੰਦ ਬੱਚਿਆਂ ਨੂੰ ਹੀ ਬੁਲਾਇਆ ਜਾਵੇ।

9. ਕੈਂਪਾਂ ਨਾਲ ਸਬੰਧਤ ਹੋਰ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲਈ ਆਪਣੇ ਬਲਾਕ ਦੇ ਆਈ.ਈ.ਆਰ.ਟੀਜ਼ ਨਾਲ ਸੰਪਰਕ ਕੀਤਾ ਜਾਵੇ।

10. ਇਹਨਾਂ ਕੈਂਪਾਂ ਦਾ ਖਰਚਾਂ ਬਲਾਕਾਂ ਵਿੱਚ ਪਏ ਕਿਸੇ ਵੀ ਫੰਡ ਵਿੱਚੋਂ ਕੀਤਾ ਜਾਵੇ ਆਈ.ਈ.ਡੀ.ਦਾ ਫੰਡ ਆਉਣ ਤੇ ਉਸ ਵਿੱਚ ਅਡਜਸਟ ਕਰ ਲਿਆ ਜਾਵੇ।

11. ਇਹਨਾਂ ਕੈਂਪਾਂ ਦੇ ਦੌਰਾਨ ਸਮੂਹ ਬੀ.ਪੀ,ਈ.ਓਜ /ਸਕੂਲ ਮੁਖੀਆ ਵੱਲੋਂ ਆਈ.ਈ.ਡੀ.ਸਟਾਫ ਦੀ ਨਾ ਟਾਲਣਯੋਗ ਹਾਲਤਾਂ ਤੋਂ ਬਿਨਾਂ ਛੁੱਟੀ ਮੰਨਜੂਰ ਨਾ ਕੀਤੀ ਜਾਵੇ।

ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

Bkn
DSE-T

ਜਿਲ੍ਹਾ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ,ਬਠਿੰਡਾ।

ਪਿੱਠ ਅੰਕਣ ਨੰ ਉਕਤ ਮਿਤੀ ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1.ਸਟੇਟ ਪ੍ਰੋਜੈਕਟ ਡਾਇਰੈਕਟਰ,ਸਮੱਗਰਾ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਅਜੀਤਗੜ੍ਹ ਜੀ ਨੂੰ ਸੂਚਨਾਂ ਹਿੱਤ।
2. ਮਾਣਯੋਗ ਡਿਪਟੀ ਕਮਿਸ਼ਨਰ ਬਠਿੰਡਾ।
3.ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਬਠਿੰਡਾ।
4.ਸਿਵਲ ਸਰਜਨ ਬਠਿੰਡਾ ਜੀ ਨੂੰ ਉਕਤ ਕੈਂਪਾਂ ਅਨੁਸਾਰ ਮੈਡੀਕਲ ਟੀਮ ਜਿਸ ਵਿੱਚ ਹੱਡੀਆਂ ਦੇ ਮਾਹਿਰ , ਅੱਖ ,ਨੱਕ,ਕੰਨ ਅਤੇ ਗਲੇ ਦੇ ਮਾਹਿਰ 3 ਡਾਕਟਰਾਂ ਦੀ ਟੀਮ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ।
5.ਸੀ.ਡੀ.ਪੀ.ਓ.ਬਠਿੰਡਾ।
6. ਜਿਲ੍ਹਾ ਸਿੱਖਿਆ ਅਫਸਰ ( ਸੈਂ.ਸਿ.) ਬਠਿੰਡਾ ਨੂੰ ਵੈਬਸਾਇਟ ਤੇ ਅਪਲੋਡ ਕਰਨ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ,ਬਠਿੰਡਾ।